ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355
ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 905-965-4644
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700

# ਵਿਸ਼ਵ ਚੈਂਪੀਅਨ ਭਾਰਤੀ ਮਹਿਲਾ ਟੀਮ ਲਈ ਵਿਕਟਰੀ ਪਰੇਡ ਹੋਵੇਗੀ ਜਾਂ ਨਹੀਂ ?

ਮੁੰਬਈ: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਪਹਿਲੀ ਵਾਰ ICC ਮਹਿਲਾ ਵਨਡੇ ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਂ ਕੀਤਾ ਹੈ ਹਾਲਾਂਕਿ ਉਸ ਇਤਿਹਾਸਕ ਜਿੱਤ ਤੋਂ ਬਾਅਦ ਵਿਕਟਰੀ ਪਰੇਡ ਦਾ ਆਯੋਜਨ ਅਜੇ ਨਹੀਂ ਕੀਤਾ ਜਾਵੇਗਾ। ਰਿਪੋਰਟਾਂ ਅਨੁਸਾਰ ICC ਦੀ ਮੀਟਿੰਗ 7 ਨਵੰਬਰ ਨੂੰ ਦੁਬਈ 'ਚ ਸਮਾਪਤ ਹੋਵੇਗੀ ਅਤੇ ਉਸ ਤੋਂ ਬਾਅਦ ਹੀ BCCI ਦੇ ਸੀਨੀਅਰ ਅਧਿਕਾਰੀ ਭਾਰਤ ਵਾਪਿਸ ਆਉਣਗੇ ਜਿਸ ਦੇ ਚਲਦੇ ਵਿਕਟਰੀ ਪਰੇਡ ਨਹੀਂ ਹੋਵੇਗੀ।

ਦੱਸ ਦੇਈਏ ਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਐਤਵਾਰ ਨੂੰ DY Patil Stadium 'ਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਹਰਮਨਪ੍ਰੀਤ ਕੌਰ ਦੀ ਟੀਮ ਨੇ ਆਪਣੀ ਪਹਿਲੀ ਵਿਸ਼ਵ ਕੱਪ ਟਰਾਫ਼ੀ ਜਿੱਤ ਲਈ ਸੀ, ਪਰ ਜਸ਼ਨ ਲਈ ਟੀਮ ਨੂੰ ਹਾਲੇ ਥੋੜ੍ਹਾ ਇੰਤਜ਼ਾਰ ਕਰਨਾ ਪਵੇਗਾ।

ਮੀਡੀਆ ਰਿਪੋਰਟਾਂ ਅਨੁਸਾਰ ਭਾਰਤੀ

ਕ੍ਰਿਕਟ ਕੰਟਰੋਲ ਬੋਰਡ (2339) ਨੇ ਪੁਸ਼ਟੀ ਕੀਤੀ ਹੈ ਕਿ ਕੋਈ ਜਿੱਤ ਦਾ ਜਲੂਸ ਨਹੀਂ ਹੋਵੇਗਾ। ਜਦੋਂ ਪੁਰਸ਼ ਟੀਮ ਨੇ 11 ਸਾਲਾਂ ਦੇ ਟਰਾਫ਼ੀ ਰਹਿਤ ਸੋਕੇ ਨੂੰ ਖ਼ਤਮ ਕਰਦੇ ਹੋਏ 2024 T20 ਵਿਸ਼ਵ ਕੱਪ ਜਿੱਤਿਆ ਤਾਂ ਜਿੱਤ ਦਾ ਜਸ਼ਨ ਮੁੰਬਈ 'ਚ ਇੱਕ ਓਪਨ-ਬੱਸ ਜਿੱਤ ਜਲੂਸ 'ਚ ਮਨਾਇਆ ਗਿਆ ਸੀ ਜੋ ਵਾਨਖੇੜੇ ਸਟੇਡੀਅਮ 'ਚ ਸਮਾਪਤ ਹੋਇਆ ਸੀ, ਪਰ ਮਹਿਲਾ ਟੀਮ ਨੂੰ ਇਹ ਮੌਕਾ ਨਹੀਂ ਮਿਲੇਗਾ, ਘੱਟੋ ਘੱਟ ਹਾਲੇ ਨਹੀਂ।

ICC ਬੈਠਕ ਤੋਂ ਬਾਅਦ BCCI ਬਣਾਏਗਾ ਪ੍ਰੋਗਰਾਮ: ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ICC) ਦੀ ਮੀਟਿੰਗ ਪਹਿਲਾਂ ਹੀ 4 ਤੋਂ 7 ਨਵੰਬਰ ਤਕ ਦੁਬਈ 'ਚ ਹੋ ਰਹੀ ਹੈ, ਇਸ ਲਈ BCCI ਇਸ ਸਮੇਂ ਇਸ 'ਤੇ ਧਿਆਨ ਕੇਂਦ੍ਰਿਤ ਕਰ ਰਿਹਾ ਹੈ। ਮੀਟਿੰਗ ਤੋਂ ਬਾਅਦ ਜਸ਼ਨਾਂ ਦੀ ਯੋਜਨਾ ਬਣਾਈ ਜਾ ਸਕਦੀ ਹੈ। BCCI ਨੇ ਖਿਡਾਰੀਆਂ, ਕੋਚਾਂ ਅਤੇ ਸਹਾਇਕ ਸਟਾਫ਼ ਲਈ 51 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਪਹਿਲਾਂ ਹੀ ਕਰ ਦਿੱਤਾ ਹੈ।

# Team India ਨੂੰ ਨਹੀਂ ਮਿਲੇਗੀ ਅਸਲੀ ਵਰਲਡ ਕੱਪ Trophy

ਨਵੀਂ ਦਿੱਲੀ: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਪਹਿਲੀ ਵਾਰ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚ ਦਿੱਤਾ। ਹਰਮਨਪ੍ਰੀਤ ਕੌਰ ਦੀ ਅਗਵਾਈ 'ਚ ਭਾਰਤ ਨੇ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ। ਉਸ ਜਿੱਤ ਤੋਂ ਬਾਅਦ ਟੀਮ ਇੰਡੀਆ ਨੂੰ ਇੱਕ ਚਮਕਦਾਰ ਵਿਸ਼ਵ ਕੱਪ ਟਰਾਫ਼ੀ ਮਿਲੀ, ਪਰ 933 ਦੇ ਨਿਯਮਾਂ ਕਾਰਨ ਇਹ ਟਰਾਫ਼ੀ ਭਾਰਤੀ ਟੀਮ ਤੋਂ ਵਾਪਿਸ ਲੈ ਲਈ ਜਾਵੇਗੀ। 933 ਟੂਰਨਾਮੈਂਟ ਜਿੱਤਣ ਵਾਲੀ ਕਿਸੇ ਵੀ ਟੀਮ ਨੂੰ ਅਸਲ ਟਰਾਫ਼ੀ ਨਹੀਂ ਦਿੱਤੀ ਜਾਂਦੀ। ਉਸ ਦੀ ਬਜਾਏ ਉਨ੍ਹਾਂ ਨੂੰ ਇੱਕ ਡਮੀ ਜਾਂ ਪ੍ਰਤੀਕ੍ਰਿਤੀ ਟਰਾਫ਼ੀ ਦਿੱਤੀ ਜਾਂਦੀ ਹੈ। ਅਸਲ ਟਰਾਫ਼ੀ ਪੁਰਸਕਾਰ ਸਮਾਰੋਹ ਦੌਰਾਨ ਦਿੱਤੀ ਜਾਂਦੀ ਹੈ, ਅਤੇ ਫ਼ੋਟੋਸ਼ੂਟ ਤੋਂ ਬਾਅਦ ਉਹ 933 ਕੋਲ ਵਾਪਿਸ ਚਲੀ ਜਾਂਦੀ ਹੈ।

ਟਰਾਫ਼ੀ ਨੂੰ ਲੈ ਕੇ ਕੀ ਹੈ 933 ਦਾ ਨਿਯਮ: 933 ਨੇ 26 ਸਾਲ ਪਹਿਲਾਂ ਇੱਕ ਨਿਯਮ ਬਣਾਇਆ ਸੀ ਜਿਸ ਮੁਤਾਬਿਕ ਜਿੱਤਣ ਵਾਲੀ ਟੀਮ ਨੂੰ ਟਰਾਫ਼ੀ ਦਿੱਤੀ ਜਾਵੇਗੀ, ਅਤੇ ਉਹ ਉਸ ਨੂੰ ਫ਼ੋਟੋ ਸੈਸ਼ਨ ਅਤੇ ਵਿਕਟਰੀ ਪਰੇਡ 'ਚ ਇਸਤੇਮਾਲ ਕਰ ਸਕੇਗੀ, ਪਰ ਉਸ ਤੋਂ ਬਾਅਦ ਉਹ ਵਾਪਿਸ ਕਰਨੀ ਪਵੇਗੀ। 933 ਜੇਤੂ ਟੀਮ

ਨੂੰ ਡਮੀ ਟਰਾਫ਼ੀ ਦਿੰਦੀ ਹੈ ਜੋ ਬਿਲਕੁਲ ਅਸਲੀ ਵਰਗੀ ਹੁੰਦੀ ਹੈ। ਉਸ 'ਚ ਸੋਨੇ ਅਤੇ ਚਾਂਦੀ ਦੀ ਵਰਤੋਂ ਵੀ ਹੁੰਦੀ ਹੈ। ਦੱਸ ਦੇਈਏ ਕਿ ਟਰਾਫ਼ੀ ਨੂੰ 933 ਦੇ ਦੁਬਈ ਹੈੱਡਕੁਆਟਰ 'ਚ ਰੱਖਿਆ ਜਾਂਦਾ ਹੈ। ਅਜਿਹਾ ਟਰਾਫ਼ੀ ਨੂੰ ਚੋਰੀ ਹੋਣ ਜਾਂ ਉਸ ਨੂੰ ਨੁਕਸਾਨ ਪਹੁੰਚਾਏ ਜਾਣ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ।

ਮਹਿਲਾ ਵਿਸ਼ਵ ਕੱਪ 2025 ਟਰਾਫ਼ੀ ਦੀ ਖ਼ਾਸੀਅਤ: ਮਹਿਲਾ ਵਿਸ਼ਵ ਕੱਪ 2025 ਦੀ ਟਰਾਫ਼ੀ ਦੀ ਗੱਲ ਕਰੀਏ ਤਾਂ ਉਸ ਦਾ ਭਾਰ 11 ਕਿਲੋਗ੍ਰਾਮ ਹੈ। ਉਸ ਦੀ ਉਚਾਈ ਲਗਭਗ 60 ਸੈਂਟੀਮੀਟਰ ਹੈ। ਇਹ ਚਾਂਦੀ ਅਤੇ ਸੋਨੇ ਦੀ ਬਣੀ ਹੋਈ ਹੈ। ਇਸ ਦੇ ਤਿੰਨ ਚਾਂਦੀ ਦੇ ਕਾਲਮ ਸਟੰਪ ਅਤੇ ਬੇਲਜ਼ ਵਰਗੇ ਹਨ। ਇਸ ਦਾ ਸਿਖਰ ਇੱਕ ਗੋਲ ਸੋਨੇ ਦਾ ਗਲੋਬ ਹੈ। ਟਰਾਫ਼ੀ 'ਚ ਸਾਰੇ ਸਮੇਂ ਦੇ ਜੇਤੂਆਂ ਦੇ ਨਾਮ ਵੀ ਹਨ। ਇਸ ਸਾਲ ਭਾਰਤ ਦਾ ਨਾਮ ਪਹਿਲੀ ਵਾਰ ਟਰਾਫ਼ੀ 'ਚ ਜੋੜਿਆ ਗਿਆ ਹੈ। ਮਹਿਲਾ ਵਿਸ਼ਵ ਕੱਪ ਦੇ 13 ਐਡੀਸ਼ਨ ਹੋ ਚੁੱਕੇ ਹਨ ਜਿਨ੍ਹਾਂ 'ਚ ਆਸਟ੍ਰੇਲੀਆ ਨੇ ਸੱਤ ਵਾਰ ਜਿੱਤ ਪ੍ਰਾਪਤ ਕੀਤੀ ਹੈ। ਇੰਗਲੈਂਡ ਨੇ ਚਾਰ ਖ਼ਿਤਾਬ ਜਿੱਤੇ ਹਨ ਜਦੋਂ ਕਿ ਨਿਊ ਜ਼ੀਲੈਂਡ ਅਤੇ ਭਾਰਤ ਨੇ ਇੱਕ-ਇੱਕ ਜਿੱਤਿਆ ਹੈ।

ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 905-450-5600
12 Beds, 7 Baths For 24 Guests 905-965-4644
ਜਾਦੂ ਟੂਣੇ ਦੀ ਕਾਟ 1-604-961-6635
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
FRESH TOMATO $1.29 LB 905-678-0300
ਦੰਦਾਂ ਦੀ ਦੇਖਭਾਲ 905-450-5600
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454

# ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਕਰ ਰਿਹੈ ਪਾਕਿਸਤਾਨ - Trump

ਨਿਊ ਯੌਰਕ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਕਿ ਪਾਕਿਸਤਾਨ, ਰੂਸ ਅਤੇ ਚੀਨ ਸਮੇਤ ਕਈ ਦੇਸ਼ ਗੁਪਤ ਰੂਪ 'ਚ ਅੰਡਰਗਰਾਊਂਡ ਪ੍ਰਮਾਣੂ ਪ੍ਰੀਖਣ ਕਰ ਰਹੇ ਹਨ ਜਿਨ੍ਹਾਂ ਬਾਰੇ ਜਨਤਾ ਨੂੰ ਪਤਾ ਹੀ ਨਹੀਂ। ਇਸ ਦੇ ਜਵਾਬ 'ਚ ਟਰੰਪ ਨੇ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਵੀ ਹੁਣ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਸ਼ੁਰੂ ਕਰਨ ਜਾ ਰਿਹਾ ਹੈ।

ਇੱਕ ਇੰਟਰਵਿਊ 'ਚ ਟਰੰਪ ਨੇ ਦੋਸ਼ ਲਾਇਆ ਕਿ ਰੂਸ ਤੇ ਚੀਨ ਲੁਕ-ਛਿਪ ਕੇ ਪ੍ਰਮਾਣੂ ਪ੍ਰੀਖਣ ਕਰ ਰਹੇ ਹਨ। ਉਨ੍ਹਾਂ ਨੇ ਪ੍ਰਮਾਣੂ ਪ੍ਰੀਖਣ ਕਰਨ ਵਾਲੇ ਦੇਸ਼ਾਂ ਦੀ ਸੂਚੀ 'ਚ ਉੱਤਰੀ ਕੋਰੀਆ ਅਤੇ ਪਾਕਿਸਤਾਨ ਨੂੰ ਵੀ ਸ਼ਾਮਿਲ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਬਾਕੀ ਦੇਸ਼ ਪ੍ਰੀਖਣ ਕਰ ਰਹੇ ਹਨ ਤਾਂ ਅਮਰੀਕਾ ਨੂੰ ਵੀ ਅਜਿਹਾ ਕਰਨਾ ਪਵੇਗਾ।

ਉਨ੍ਹਾਂ ਕਿਹਾ, "ਮੈਂ ਨਹੀਂ ਚਾਹੁੰਦਾ ਕਿ



ਅਮਰੀਕਾ ਇੱਕੋ-ਇੱਕ ਅਜਿਹਾ ਦੇਸ਼ ਹੋਵੇ ਜੋ ਪ੍ਰੀਖਣ ਨਾ ਕਰੇ।" ਉਨ੍ਹਾਂ ਦਾ ਦਾਅਵਾ ਹੈ ਕਿ ਇਹ ਦੇਸ਼ ਪ੍ਰੀਖਣ ਬਹੁਤ ਜ਼ਿਆਦਾ ਡੂੰਘਾਈ 'ਤੇ ਕਰਦੇ ਹਨ ਜਿੱਥੇ ਲੋਕਾਂ ਨੂੰ ਸਿਰਫ਼ ਥੋੜ੍ਹੀ ਜਿਹੀ ਵਾਈਬ੍ਰੇਸ਼ਨ ਹੀ ਮਹਿਸੂਸ ਹੁੰਦੀ ਹੈ ਅਤੇ ਪ੍ਰੀਖਣ ਦਾ ਪਤਾ ਨਹੀਂ ਲੱਗਦਾ।

ਟਰੰਪ ਵਲੋਂ ਇਹ ਐਲਾਨ ਕਰਨ ਤੋਂ ਬਾਅਦ ਕਿ ਅਮਰੀਕਾ ਪ੍ਰਮਾਣੂ ਪ੍ਰੀਖਣ ਕਰੇਗਾ, ਇਸ ਗੱਲ ਨੂੰ ਲੈ ਕੇ ਉਲਝਣ ਪੈਦਾ ਹੋ ਗਈ ਸੀ ਕਿ ਕੀ ਅਮਰੀਕਾ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ ਪਹਿਲਾ ਪ੍ਰਮਾਣੂ ਧਮਾਕਾ ਕਰੇਗਾ ਕਿਉਂਕਿ ਅਮਰੀਕਾ ਨੇ 1992 ਤੋਂ ਬਾਅਦ ਕੋਈ ਅਸਲ ਪ੍ਰਮਾਣੂ ਧਮਾਕਾ ਨਹੀਂ ਕੀਤਾ।

ਇਸ ਵਿਵਾਦ 'ਤੇ ਸਫ਼ਾਈ ਦਿੰਦਿਆਂ ਅਮਰੀਕੀ ਊਰਜਾ ਸਕੱਤਰ ਕ੍ਰਿਸ ਰਾਈਟ ਨੇ ਕਿਹਾ ਕਿ ਅਮਰੀਕਾ ਵਲੋਂ ਜਿਨ੍ਹਾਂ ਪ੍ਰੀਖਣਾਂ ਦੀ ਗੱਲ ਕੀਤੀ ਜਾ ਰਹੀ ਹੈ, ਉਹ ਸਿਸਟਮ ਟੈੱਸਟ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਅਸਲ ਪ੍ਰਮਾਣੂ ਧਮਾਕੇ ਨਹੀਂ। ਕ੍ਰਿਸ ਰਾਈਟ ਅਨੁਸਾਰ ਇਹ ਗ਼ੈਰ-ਨੁਕਸਾਨਦੇਹ ਧਮਾਕੇ ਹੁੰਦੇ ਹਨ ਜੋ ਇਹ ਯਕੀਨੀ ਬਣਾਉਣ ਲਈ ਕੀਤੇ ਜਾਂਦੇ ਹਨ ਕਿ ਪ੍ਰਮਾਣੂ ਹਥਿਆਰ ਦੇ ਸਾਰੇ ਗ਼ੈਰ-ਪ੍ਰਮਾਣੂ ਹਿੱਸੇ ਸਹੀ ਢੰਗ ਨਾਲ ਕੰਮ ਕਰ ਰਹੇ ਹਨ।ਇਸ ਤੋਂ ਇਲਾਵਾ ਅਮਰੀਕਾ 1996 ਤੋਂ ਵਿਆਪਕ ਪ੍ਰਮਾਣੂ-ਪ੍ਰੀਖਣ-ਪਾਬੰਦੀ ਸੰਧੀ (Comprehensive Nuclear-Test-Ban Treaty) ਦਾ ਹਿੱਸਾ ਹੈ ਜੋ ਫ਼ੌਜੀ ਜਾਂ ਨਾਗਰਿਕ ਉਦੇਸ਼ਾਂ ਲਈ ਸਾਰੇ ਪ੍ਰਮਾਣੂ ਪ੍ਰੀਖਣ ਧਮਾਕਿਆਂ 'ਤੇ ਪਾਬੰਦੀ ਲਗਾਉਂਦੀ ਹੈ।

# ਕੈਨੇਡਾ 'ਚ ਭਾਰਤੀ ਨੂੰ 25 ਸਾਲ ਦੀ ਜੇਲ

ਵੈਨਕੂਵਰ: ਕੈਨੇਡਾ ਦੀ ਇੱਕ ਅਦਾਲਤ ਨੇ 2022 ਦੇ ਕਤਲ ਦੇ ਇੱਕ ਕੇਸ 'ਚ ਇੱਕ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ 25 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸਥਾਨਕ ਮੀਡੀਆ ਨੇ ਇਹ ਰਿਪੋਰਟ ਦਿੱਤੀ ਹੈ। ਰਿਪੋਰਟ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੀ ਇੱਕ ਜਿਊਰੀ ਨੇ ਬਲਰਾਜ ਬਸਰਾ ਨੂੰ ਕਤਲ ਅਤੇ ਅੱਗਜ਼ਨੀ ਦਾ ਦੋਸ਼ੀ ਠਹਿਰਾਇਆ। ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (HIIT) ਦਾ ਕਹਿਣਾ ਹੈ ਕਿ ਬਸਰਾ 17 ਅਕਤੂਬਰ 2022 ਨੂੰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਮੈਦਾਨ 'ਚ ਇੱਕ ਗੋਲਫ਼ ਕਲੱਬ 'ਚ ਵਿਸ਼ਾਲ ਵਾਲੀਆ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਤੀਜਾ ਵਿਅਕਤੀ ਹੈ।

ਦੋ ਹੋਰ ਦੋਸ਼ੀਆਂ, ਇਕਬਾਲ ਕਾਂਗ ਅਤੇ ਡੀ. ਬੈਪਟਿਸਟ ਨੂੰ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁੱਕੀ ਹੈ। ਰਿਪੋਰਟ ਅਨੁਸਾਰ ਕਾਂਗ ਨੂੰ 17 ਸਾਲ ਕੈਦ ਅਤੇ ਅੱਗਜ਼ਨੀ ਲਈ ਪੰਜ ਸਾਲ ਵਾਧੂ ਸਜ਼ਾ ਸੁਣਾਈ ਗਈ ਸੀ ਜਦੋਂ ਕਿ ਬੈਪਟਿਸਟ ਨੂੰ 17 ਸਾਲ ਲਈ

ਬਿਨਾਂ ਪੈਰੋਲ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਤਿੰਨਾਂ ਸ਼ੱਕੀਆਂ ਨੇ 38 ਸਾਲਾ ਵਿਸ਼ਾਲ ਵਾਲੀਆ ਨੂੰ ਗੋਲੀ ਮਾਰ ਕੇ ਮਾਰਨ ਤੋਂ ਬਾਅਦ ਇੱਕ ਵਾਹਨ ਨੂੰ ਅੱਗ ਲਗਾ ਦਿੱਤੀ ਸੀ। ਵੈਨਕੂਵਰ ਪੁਲੀਸ ਵਿਭਾਗ (VPD) ਦੇ ਅਧਿਕਾਰੀਆਂ ਨੇ ਜਲਦੀ ਹੀ ਸ਼ੱਕੀਆਂ ਦੀ ਪਛਾਣ ਕਰ ਲਈ ਜੋ ਮੌਕੇ ਤੋਂ ਭੱਜ ਗਏ ਸਨ।

ਜਾਦੂ ਟੂਣੇ ਦੀ ਕਾਟ 1-604-961-6635
ਵਕੀਲ ਦੀ ਲੋੜ ? 905-362-0755
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Security Cameras CCTV Live Monitoring 647-863-9232
ਇੰਡੀਅਨ ਵੀਜ਼ਾ OCI & Passport Renewal 514-389-7070

# ਨਸ਼ੇ 'ਚ ਨਹੀਂ ਸੀ ਤਿੰਨ ਲੋਕਾਂ ਨੂੰ ਕੁਚਲਣ ਵਾਲਾ ਭਾਰਤੀ ਟਰੱਕ ਡਰਾਇਵਰ

ਕੈਲੇਫ਼ੋਰਨੀਆ: ਅਮਰੀਕਾ ਦੇ ਕੈਲੇਫ਼ੋਰਨੀਆ 'ਚ ਪਿਛਲੇ ਮਹੀਨੇ ਵਾਪਰੇ ਭਿਆਨਕ ਸੜਕ ਹਾਦਸੇ ਨੂੰ ਲੈ ਕੇ ਇੱਕ ਨਵੀਂ ਜਾਣਕਾਰੀ ਸਾਹਮਣੇ ਆਈ

ਹੈ। ਯੂਬਾ ਸਿਟੀ ਦੇ 21 ਸਾਲਾ ਨਿਵਾਸੀ ਜਸ਼ਨਪ੍ਰੀਤ ਸਿੰਘ ਨੂੰ 21 ਅਕਤੂਬਰ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਸ਼ੱਕ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਮਰੀਕੀ ਅਧਿਕਾਰੀਆਂ ਨੇ ਇਸ ਮਾਮਲੇ 'ਚ ਹੁਣ ਇੱਕ ਅਹਿਮ ਖ਼ੁਲਾਸਾ ਕਰਦੇ ਹੋਏ ਕਿਹਾ ਕਿ ਭਾਰਤੀ ਮੂਲ ਦਾ ਟਰੱਕ ਡਰਾਇਵਰ ਹਾਦਸੇ ਦੇ ਸਮੇਂ ਨਸ਼ੇ 'ਚ ਨਹੀਂ ਸੀ ਜਿਸ ਬਾਰੇ ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਲੱਗਾ ਹੈ। ਦੂਜੇ ਪਾਸੇ, ਉਸ ਖ਼ਿਲਾਫ਼ ਲਾਪਰਵਾਹੀ ਨਾਲ ਟਰੱਕ ਚਲਾਉਣ ਦਾ ਮਾਮਲਾ ਅਜੇ ਵੀ ਵਿਚਾਰ ਅਧੀਨ ਹੈ।

ਜ਼ਿਕਰਯੋਗ ਹੈ ਕਿ 21 ਸਾਲਾ ਜਸ਼ਨਪ੍ਰੀਤ ਸਿੰਘ 'ਤੇ ਲਾਪਰਵਾਹੀ ਨਾਲ ਟਰਾਲਾ ਚਲਾਉਣ ਕਾਰਨ ਹਾਦਸਾ ਵਾਪਰਨ ਦਾ ਦੋਸ਼ ਲੱਗਾ ਹੈ ਜਿਸ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖ਼ਮੀ ਹੋਏ ਸਨ। ਜਾਂਚ ਰਿਪੋਰਟ ਅਨੁਸਾਰ ਜਸਪ੍ਰੀਤ ਸਿੰਘ ਦੇ ਖ਼ੂਨ 'ਚ ਕੋਈ ਨਸ਼ੀਲਾ ਪਦਾਰਥ ਨਹੀਂ ਮਿਲਿਆ।

ਕੈਲੇਫ਼ੋਰਨੀਆ ਦੀ ਸੈਨ ਬਰਨਾਡੀਨੋ ਕਾਊਂਟੀ 'ਚ ਪੈਂਦੇ ਇੱਕ ਸ਼ਹਿਰ ਓਨਟੈਰੀਓ 'ਚ ਜਿਸ ਸਮੇਂ ਇਹ ਹਾਦਸਾ ਵਾਪਰਿਆ ਸੀ, ਓਦੋਂ ਡਰਾਇਵਰ ਜਸ਼ਨਪ੍ਰੀਤ 'ਤੇ ਦੋਸ਼ ਲਗਾਏ ਗਏ ਸਨ ਕਿ ਹਾਦਸਾ ਉਸ ਦੇ ਨਸ਼ੇ ਦੀ ਹਾਲਤ 'ਚ ਹੋਣ ਕਾਰਨ ਵਾਪਰਿਆ ਸੀ। ਹਾਲਾਂਕਿ ਹੁਣ ਰਿਪੋਰਟਾਂ ਇਸ ਦੇ ਉਲਟ ਸਾਹਮਣੇ ਆਈਆਂ ਹਨ।

# 43 ਸਾਲਾਂ ਤੋਂ ਗ਼ਲਤ ਢੰਗ ਨਾਲ ਜੇਲ੍ਹ 'ਚ ਤਾੜੇ ਗਏ ਭਾਰਤੀ ਦੇ ਦੇਸ਼-ਨਿਕਾਲੇ 'ਤੇ US ਅਦਾਲਤਾਂ ਵਲੋਂ ਰੋਕ

ਫ਼ਿਲੇਡੈਲਫ਼ੀਆ: ਅਮਰੀਕਾ ਦੀਆਂ ਦੋ ਅਦਾਲਤਾਂ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹੁਕਮ ਦਿੱਤਾ ਹੈ ਕਿ ਭਾਰਤੀ ਮੂਲ ਦੇ ਇੱਕ ਵਿਅਕਤੀ, ਜੋ ਇੱਕ ਕਤਲ ਦੇ ਕੇਸ 'ਚ ਗ਼ਲਤ ਢੰਗ ਨਾਲ ਚਾਰ ਦਹਾਕੇ (43 ਸਾਲ) ਜੇਲ੍ਹ 'ਚ ਰਿਹਾ, ਨੂੰ ਦੇਸ਼-ਨਿਕਾਲਾ ਨਾ ਦਿੱਤਾ ਜਾਵੇ।

ਸੁਬਰਾਮਨੀਅਮ ਵੇਦਮ (64), ਜਿਸ ਨੂੰ ਸੂਬੂ ਵੀ ਕਿਹਾ ਜਾਂਦਾ ਹੈ, ਨੂੰ ਇਸ ਸਾਲ ਉਸ ਸਮੇਂ ਰਿਹਾਅ ਕੀਤਾ ਗਿਆ ਸੀ ਜਦੋਂ 1980 ਦੇ ਇੱਕ ਕਤਲ ਕੇਸ 'ਚ ਉਸ ਦੀ ਸਜ਼ਾ ਨੂੰ ਖ਼ਤਮ ਕਰ ਦਿੱਤਾ ਗਿਆ। ਉਹ 3 ਅਕਤੂਬਰ ਨੂੰ ਜੇਲ੍ਹ ਤੋਂ ਰਿਹਾਅ ਹੋਇਆ ਸੀ, ਪਰ ਉਸ ਨੂੰ ਤੁਰੰਤ ਇਮੀਗ੍ਰੇਸ਼ਨ ਵਿਭਾਗ ਨੇ ਆਪਣੀ ਹਿਰਾਸਤ 'ਚ ਲੈ ਲਿਆ। ਉਹ ਇਸ ਸਮੇਂ ਲੂਈਜ਼ੀਐਨਾ ਦੇ ਇੱਕ ਹੋਲਡਿੰਗ ਸੈਂਟਰ 'ਚ ਨਜ਼ਰਬੰਦ ਹੈ।

ਦੋ ਅਦਾਲਤਾਂ, ਇੱਕ ਇਮੀਗ੍ਰੇਸ਼ਨ ਟ੍ਰਾਇਬਿਊਨਲ ਅਤੇ ਇੱਕ US ਜ਼ਿਲ੍ਹਾ ਅਦਾਲਤ, ਨੇ ਕੱਲ੍ਹ ਵੇਦਮ ਨੂੰ ਦੇਸ਼-ਨਿਕਾਲਾ ਦੇਣ 'ਤੇ ਰੋਕ ਲਗਾਉਣ ਦਾ ਹੁਕਮ ਦਿੱਤਾ।

ਇਮੀਗ੍ਰੇਸ਼ਨ ਜੱਜ ਨੇ ਦੇਸ਼-ਨਿਕਾ